## SIU ਕੀ ਹੈ?

SIU ਇੱਕ ਨਾਗਰਿਕ ਏਜੰਸੀ ਹੈ, ਜੋ ਪੁਲਿਸ ਤੋਂ ਸੁਤੰਤਰ ਹੈ ਅਤੇ ਓਂਟਾਰਿਓ ਸਰਕਾਰ ਤੋਂ ਵੱਖ ਹੈ। **ਇਹ ਕੋਈ ਪੁਲਿਸ ਸੇਵਾ ਨਹੀਂ ਹੈ ਅਤੇ ਨਾ ਹੀ ਓਂਟਾਰਿਓ ਵਿੱਚ ਕਿਸੇ ਪੁਲਿਸ ਸੇਵਾ ਨਾਲ ਇਸਦਾ ਕੋਈ ਲੈਣਾ-ਦੇਣਾ ਹੈ।** ਇਸ ਦਾ ਟੀਚਾ ਕੁਝ ਖ਼ਾਸ ਮਾਮਲਿਆਂ *(ਹੇਠਾਂ ਦੇਖੋ)* ਵਿੱਚ ਪੁਲਿਸ ਦੀ ਕਾਰਵਾਈ ਦੀ ਸੁਤੰਤਰ ਤਫ਼ਤੀਸ਼ ਕਰਨਾ ਹੈ। ਜਿੱਥੇ ਵੀ ਢੁੱਕਵੇਂ ਅਤੇ ਲੋੜੀਂਦੇ ਸਬੂਤ ਮਿਲਦੇ ਹਨ, SIU ਕੋਲ ਪੁਲਿਸ ਅਫਸਰਾਂ ਖਿਲਾਫ ਅਪਰਾਧਕ ਮੁਕੱਦਮਾ ਕਰਨ ਦੇ ਅਧਿਕਾਰ ਹੁੰਦੇ ਹਨ।

1990 ਵਿੱਚ ਇਸ ਦੀ ਸ਼ੁਰੂਆਤ ਹੋਣ ਦੇ ਬਾਅਦ ਤੋਂ, SIU ਦਾ ਟੀਚਾ ਲੋਕਾਂ ਵਿੱਚ ਪੁਲਿਸ ਦੇ ਪ੍ਰਤੀ ਇਹ ਵਿਸ਼ਵਾਸ ਕਾਇਮ ਕਰਨਾ ਰਿਹਾ ਹੈ ਕਿ ਪੁਲਿਸ ਦੀ ਕਾਰਵਾਈ ਵੀ ਸੁਤੰਤਰ ਤਫ਼ਤੀਸ਼ ਹੇਠ ਹੁੰਦੀ ਹੈ।

## SIU ਕਿਹੜੇ ਮਾਮਲਿਆਂ ਦੀ ਤਫ਼ਤੀਸ਼ ਕਰ ਸਕਦੀ ਹੈ?

**SIU ਡਾਇਰੈਕਟਰ** ਉਹਨਾਂ ਮਾਮਲਿਆਂ ਵਿੱਚ ਤਫ਼ਤੀਸ਼ ਸ਼ੁਰੂ ਕਰ ਸਕਦਾ ਹੈ, ਜਿਨ੍ਹਾਂ ਵਿੱਚ ਉਸ ਨੂੰ ਲੱਗਦਾ ਹੈ ਕਿ ਇਸ ਵਿੱਚ ਕਿਸੇ ਅਫਸਰ ਨੇ ਅਪਰਾਧਕ ਵਤੀਰਾ ਕੀਤਾ ਹੋ ਸਕਦਾ ਹੈ।

1. **ਕਿਸੇ ਵਿਅਕਤੀ ਦੀ ਮੌਤ**
2. **ਕਿਸੇ ਵਿਅਕਤੀ ਨੂੰ ਗੰਭੀਰ ਸੱਟ ਲੱਗਣਾ**
3. **ਕਿਸੇ ਵਿਅਕਤੀ 'ਤੇ ਗੋਲੀ ਚੱਲਣਾ**
4. **ਕਿਸੇ ਵਿਅਕਤੀ 'ਤੇ ਜਿਨਸੀ ਹਮਲਾ**







## SIU ਬਾਰੇ ਹੋਰ ਜਾਣੋ

***ਖ਼ਬਰਾਂ, ਇਤਿਹਾਸ, ਅੰਕੜੇ, ਰਿਪੋਰਟਾਂ***
*ਅਤੇ ਹੋਰ ਕਈ ਚੀਜ਼ਾਂ ਲਈ ਸਾਡੀ ਵੈੱਬਸਾਈਟ*

**www.siu.on.ca**

**ਸਾਨੂੰ Twitter 'ਤੇ ਫ਼ਾਲੋ ਕਰੋ:**
@SIUOntario

## ਸਾਡੇ ਨਾਲ ਸੰਪਰਕ ਕਰੋ


**ਡਾਕ ਪਤਾ:**
Special Investigations Unit
5090 Commerce Boulevard
Mississauga, Ontario  L4W 5M4

**ਸਥਾਨਕ ਫ਼ੋਨ:** 416-622-0SIU (0748)
**ਟੋਲ-ਫ੍ਰੀ ਫ਼ੋਨ:** 1-800-787-8529

**ਸਥਾਨਕ ਫੈਕਸ:**
416-622-2455


# ਖ਼ਾਸ ਤਫ਼ਤੀਸ਼ ਇਕਾਈ










SPECIAL INVESTIGATIONS UNIT • UNITÉ DES ENQUÊTES SPÉCIALES • Ontario

## SIU ਕਿਨ੍ਹਾਂ ਦੀ ਤਫ਼ਤੀਸ਼ ਕਰ ਸਕਦੀ ਹੈ?

SIU ਪੂਰੇ ਅੰਟਾਰਿਓ ਵਿੱਚ ਵਾਪਰੀ ਕਿਸੇ ਵੀ ਘਟਨਾ ਦੇ ਨਾਲ-ਨਾਲ ਅੰਟਾਰਿਓ ਦੀ ਪ੍ਰਾਂਤਿਕ ਪੁਲਿਸ ਅਤੇ ਸਾਰੀਆਂ ਖੇਤਰੀ ਅਤੇ ਨਗਰੀ ਪੁਲਿਸ ਸੇਵਾਵਾਂ ਤੋਂ ਇਲਾਵਾ ਨਾਇਗਰਾ ਪਾਰਕਸ ਪੁਲਿਸ ਅਤੇ ਵਿਧਾਨਕ ਸੁਰੱਖਿਆਤਮਕ ਪੁਲਿਸ ਦੇ ਅਧਿਕਾਰ ਖੇਤਰ ਵਿੱਚ ਵਾਪਰੀਆਂ ਘਟਨਾਵਾਂ ਦੀ ਵੀ ਤਫ਼ਤੀਸ਼ ਕਰ ਸਕਦੀ ਹੈ।

ਇਹ ਪੂਰੇ ਪ੍ਰਾਂਤ ਵਿੱਚ ਲਗਭਗ **50 ਪੁਲਿਸ ਸੇਵਾਵਾਂ ਦੇ ਨਾਲ 26,000 ਪੁਲਿਸ ਅਫਸਰਾਂ ਦੀ** ਨੁਮਾਇੰਦਗੀ ਕਰਦੀ ਹੈ।







## ਸਹਾਇਤਾ ਪ੍ਰੋਗਰਾਮ

ਭਾਈਚਾਰਕ ਇਵੈਂਟਾਂ ਅਤੇ ਪ੍ਰਸਤੁਤੀਆਂ ਵਿੱਚ ਭਾਗੀਦਾਰੀ ਦੇ ਨਾਲ, SIU ਦਾ ਸਹਾਇਤਾ ਪ੍ਰੋਗਰਾਮ SIU ਦੀ ਪਾਰਦਰਸ਼ਤਾ ਨੂੰ ਵਧਾਵਾ ਦੇਣ ਦੇ ਯਤਨਾਂ ਵਿੱਚ ਸਹਾਇਤਾ ਕਰਦਾ ਹੈ ਅਤੇ ਅੰਟਾਰਿਓ ਦੇ ਵੱਖ-ਵੱਖ ਭਾਈਚਾਰਿਆਂ ਵਿੱਚ ਇਸਦੇ ਕੰਮ-ਕਾਜ ਵਿੱਚ ਵਿਸ਼ਵਾਸ ਪੈਦਾ ਕਰਦਾ ਹੈ।

### SIU ਡਾਇਰੈਕਟਰ ਦੀ ਸੰਸਾਧਨ ਕਮੇਟੀ

*ਡਾਇਰੈਕਟਰ ਦੀ ਸੰਸਾਧਨ ਕਮੇਟੀ, ਜਿਸਦੀ ਪ੍ਰਧਾਨਗੀ SIU ਡਾਇਰੈਕਟਰ ਕਰਦਾ ਹੈ, SIU ਲਈ ਭਾਈਚਾਰਿਆਂ ਦੀ ਸਲਾਹ ਅਤੇ ਸਮਰਥਨ ਹਾਸਲ ਕਰਨ ਲਈ ਇੱਕ ਮੁੱਖ ਸਾਧਨ ਹੈ।*

### SIU ਫਰਸਟ ਨੇਸ਼ਨਜ਼, INUIT, MÉTIS ਰਾਬਤਾ ਪ੍ਰੋਗਰਾਮ

*ਸਹਾਇਤਾ ਕੋਆਰਡੀਨੇਟਰ ਸਹਾਇਤਾ ਕਰਨ, ਸਿਖਲਾਈ ਅਤੇ ਸੱਭਿਆਚਾਰਕ ਸਮਰੱਥਾ-ਨਿਰਮਾਣ ਦੇ ਮੌਕਿਆਂ ਦੀ ਪਛਾਣ ਕਰਨ ਲਈ ਫਰਸਟ ਨੇਸ਼ਨਜ਼,* ***Inuit, Métis*** *ਰਾਬਤਾ ਪ੍ਰੋਗਰਾਮ ਨਾਲ ਕੰਮ ਕਰਦਾ ਹੈ।*

# ਸੁਤੰਤਰ ਤਫ਼ਤੀਸ਼ਾਂ। ਭਾਈਚਾਰਿਆਂ ਦਾ ਵਿਸ਼ਵਾਸ।

### ਤਫ਼ਤੀਸ਼ਾਂ

SIU ਦੇ ਬਹੁੱਦ ਹੁਨਰਮੰਦ ਤਫ਼ਤੀਸ਼ਕਰਤਾ ਫ਼ੋਰੈਂਸਿਕ ਤਫ਼ਤੀਸ਼ਕਰਤਾਵਾਂ ਦੀ ਟੀਮ ਦੇ ਨਾਲ ਘਟਨਾਵਾਂ ਦੀ ਸੁਤੰਤਰ ਤਫ਼ਤੀਸ਼ ਕਰਦੇ ਹਨ।

### ਫ਼ੋਰੈਂਸਿਕ ਤਫ਼ਤੀਸ਼ਾਂ

**ਫ਼ੋਰੈਂਸਿਕ ਤਫ਼ਤੀਸ਼ਕਰਤਾ** ਭੌਤਿਕ ਸਬੂਤ ਇਕੱਤਰ ਕਰਕੇ ਅਤੇ ਉਨ੍ਹਾਂ ਦਾ ਵਿਸ਼ਲੇਸ਼ਣ ਕਰਕੇ ਤਫ਼ਤੀਸ਼ ਦੀ ਪ੍ਰਕਿਰਿਆ ਵਿੱਚ ਸਹਾਇਤਾ ਕਰਦੇ ਹਨ।

**ਖ਼ਾਸ ਤਫ਼ਤੀਸ਼ ਇਕਾਈ**

# ਅਸੀਂ ਕੀ ਕਰਦੇ ਹਾਂ

### ਪ੍ਰਭਾਵਿਤ ਵਿਅਕਤੀ ਪ੍ਰੋਗਰਾਮ

**ਪ੍ਰਭਾਵਿਤ ਵਿਅਕਤੀ ਪ੍ਰੋਗਰਾਮ** ਉਹਨਾਂ ਵਿਅਕਤੀਆਂ ਅਤੇ ਪਰਿਵਾਰਾਂ ਨੂੰ ਸਮਰਥਨ ਅਤੇ ਸਹਾਇਤਾ ਉਪਲਬਧ ਕਰਾਉਂਦਾ ਹੈ, ਜਿਨ੍ਹਾਂ ਦੀਆਂ ਜ਼ਿੰਦਗੀਆਂ 'ਤੇ SIU ਦੀ ਤਫ਼ਤੀਸ਼ ਅਧੀਨ ਹੋਈਆਂ ਘਟਨਾਵਾਂ ਦਾ ਪ੍ਰਭਾਵ ਪਿਆ ਹੈ।

### ਮੀਡੀਆ ਸੰਬੰਧ

**ਮੀਡੀਆ ਸੰਬੰਧ** ਸੋਸ਼ਲ ਮੀਡੀਆ ਸਮੇਤ ਵੱਖ-ਵੱਖ ਮੀਡੀਆ ਚੈਨਲਾਂ ਰਾਹੀਂ ਲੋਕਾਂ ਨੂੰ ਸਮੇਂ ਸਿਰ ਅਤੇ ਢੁੱਕਵੀਂ ਜਾਣਕਾਰੀ ਉਪਲਬਧ ਕਰਾਉਂਦੇ ਹਨ।